# ਡਾਇਰੈਕਟੋਰੇਟ ਰੋਜਗਾਰ ਜਨਰੇਸਨ ਐਂਡ ਟ੍ਰੇਨਿੰਗ ਵਿਭਾਗ,ਪੰਜਾਬ,
## ਐਸ.ਸੀ.ਓ. 47/1,ਸੈਕਟਰ 17-ਈ, ਚੰਡੀਗੜ੍ਹ।
## ਐਸ.ਡੀ.ਆਈ. ਸਕੀਮ ਅਧੀਨ ਦਾਖਲਾ ਨੋਟਿਸ

ਬੇਰੋਜਗਾਰ ਨੌਜਵਾਨਾਂ (ਜਿਨ੍ਹਾਂ ਵਿੱਚ ਸਕੂਲ-ਡਰਾਪ--ਆਊਟਸ, ਵਰਕਰਜ ਅਤੇ ਆਈ.ਟੀ.ਆਈ. ਪਾਸ ਨੌਜਵਾਨ ਵੀ ਸਾਮਲ ਹਨ) ਦੀ ਨੌਕਰੀ/ਸਵੈ ਰੋਜਗਾਰ ਲਈ ਕਾਬਲਿਅਤ ਵਧਾਉਣ ਅਤੇ ਕੰਮ ਵਿੱਚ ਮੁਹਾਰਤ ਹਾਸਲ ਕਰਨ ਹਿਤ ਅਤੇ ਬਿਨਾਂ ਕਿਸੇ ਸਰਟੀਫਿਕੇਟ ਵਾਲੇ ਵਰਕਰਾਂ ਦੀ ਸਕਿਲ ਨੂੰ ਸਰਟੀਫਾਈ ਕਰਨ ਦੇ ਮੰਤਵ ਨਾਲ ਭਾਰਤ ਸਰਕਾਰ ਵਲੋਂ ਐਸ.ਡੀ.ਆਈ. ਸਕੀਮ ਚਲਾਈ ਗਈ ਹੈ। ਹਾਲ ਦੀ ਘੜੀ ਹੇਠ ਲਿਖੀਆਂ ਸੰਸਥਾਵਾ ਵਿਖੇ ਟ੍ਰੇਨਿੰਗ ਕੋਰਸ ਸੁਰੂ ਕੀਤੇ ਜਾ ਰਹੇ ਹਨ:-

| ਲੜੀ ਨੰ: | ਵੀ.ਟੀ.ਪੀ. ਦਾ ਨਾਂ | ਜਿਲ੍ਹਾ ਜਿੱਥੇ ਟ੍ਰੇਨਿੰਗ ਸੁਰੂ ਕਰਨੀ ਹੈ। |
|---|---|---|
| 1 | Institute for Autoparts & Hand Tools/Technology,A-9, Phase-V, Focal Point, Ludhiana. | Ludhiana. |
| 2. | Punjab Ex serviceman Corporation,SCO 89-09, Sector 34-A,Chandigarh | Mohali. |
| 3. | Industrial Services International,Zila Parishad Market, Ist Floor, Sirhind Road,Patiala | Patiala. |
| 4. | New Swan Auto Comp (P). C-214,Phase VIII,Focal Point, Ludhiana. | Ludhiana. |
| 5*) | Punjab Police Security Corporation,SCO 171-172, Sector-8-C, Chandigarh. | Hoshiarpur. |

ਸਬੰਧਤ ਜਿਲ੍ਹਾ ਬਿਊਰੋ ਆਫ ਰੋਜਗਾਰ ਜਨਰੇਸਨ ਅਤੇ ਟਰੇਨਿੰਗ ਦੇ ਦਫਤਰ ਵਿਖੇ
ਦਾਖਲਾ ਫਾਰਮ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ: 11-●4-2●11

ਇੰਟਰਵਿਊ ਦੀ ਮਿਤੀ : 18-●4-2●11

ਕਲਾਸਾਂ ਸੁਰੂ ਕਰਨ ਦੀ ਮਿਤੀ: 25-●4-2●11

ਦਾਖਲਾ ਫਾਰਮ ਅਤੇ ਉਪਰੋਕਤ ਵੀ.ਟੀ.ਪੀਜ ਵਲੋਂ ਚਲਾਏ ਜਾਣ ਵਾਲੇ ਕੋਰਸਾਂ ਦੇ ਵੇਰਵੇ ਪ੍ਰਾਪਤ ਕਰਨ ਲਈ ਅਤੇ ਇੰਟਰਵਿਊ ਦੇ ਸਥਾਨ ਬਾਰੇ ਵੀ.ਟੀ.ਪੀਜ ਨਾਲ ਜਾਂ ਵਿਭਾਗ ਦੇ ਜਿਲ੍ਹਾ ਰੋਜਗਾਰ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾਵੇ।

(*) ਲੜੀ ਨੰ: 5 ਉਤੇ ਦਿੱਤੇ ਵੀ.ਟੀ.ਪੀ. ਵਲੋਂ ਦਾਖਲੇ ਲਈ website: www.pphcl.org. ਦੇਖ ਲਈ ਜਾਵੇ।

ਸਕੀਮ ਸਬੰਧੀ ਪੂਰੇ ਵੇਰਵੇ ਭਾਰਤ ਸਰਕਾਰ ਦੀ ਵੈਬਸਾਈਟ www.dget.gov.in/mes ਉਪਰ ਉਪਲਭਦ ਹਨ। ਟ੍ਰੇਨਿੰਗ ਦੌਰਾਨ ਭਾਰਤ ਸਰਕਾਰ ਵਲੋਂ ਜਾਰੀ ਰਿਵਾਈਜਡ ਗਾਈਡਲਾਈਨਜ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

**ਫੀਸ:** ਇਨ੍ਹਾਂ ਕੋਰਸਾਂ ਲਈ ਭਾਰਤ ਸਰਕਾਰ ਵਲੋਂ ਹੇਠ ਲਿਖੇ ਅਨੁਸਾਰ ਫੀਸ ਨਿਰਧਾਰਤ ਕੀਤੀ ਗਈ ਹੈ:-

9● ਘੰਟੇ ਦੇ ਕੋਰਸ ਲਈ: 5●●ਰੁ:
91 ਤੋਂ 18● ਦੇ ਕੋਰਸ ਲਈ: 1●●● ਰੁ:
181 ਤੋਂ 27● ਘੰਟੇ ਦੇ ਕੋਰਸ ਲਈ: 15●● ਰੁ:
27● ਘੰਟੇ ਤੋਂ ਵੱਧ ਸਮੇਂ ਦੇ ਕੋਰਸ ਲਈ: 2●●●ਰੁ:
ਐਸ.ਸੀ/ਐਸ.ਟੀ. ਅਤੇ ਇਸਤਰੀ ਉਮੀਦਵਾਰਾਂ ਨੂੰ 25% ਫੀਸ ਦੀ ਛੋਟ ਹੈ।

ਟ੍ਰੇਨਿੰਗ ਪੂਰੀ ਹੋਣ ਉਪਰੰਤ ਟੈਸਟ ਵਿੱਚੋਂ ਪਾਸ ਹੋਣ ਵਾਲੇ ਪ੍ਰਾਰਥੀਆਂ ਦੀ ਟ੍ਰੇਨਿੰਗ ਫੀਸ ਵਾਪਸ ਕਰ ਦਿੱਤੀ ਜਾਵੇਗੀ।

**ਉਮਰ:** ਪ੍ਰਾਰਥੀ ਦੀ ਉਮਰ ਘੱਟੋ ਘੱਟ 14 ਸਾਲ ਹੋਣੀ ਚਾਹੀਦੀ ਹੈ।

**ਬੈਚ ਸਾਈਜ:** ਹਰੇਕ ਬੈਚ ਵਿੱਚ ਵੱਧ ਤੋਂ ਵੱਧ 30 ਪ੍ਰਾਰਥੀ ਹੋਣਗੇ।

**ਜਰੂਰੀ ਹਦਾਇਤਾਂ:**

1 ਦਾਖਲੇ ਵਿੱਚ ਰਿਜਰਵੇਸਨ ਪੰਜਾਬ ਸਰਕਾਰ ਵਲੋਂ ਆਈ.ਟੀ.ਆਈਜ ਲਈ ਦਾਖਲੇ ਸਬੰਧੀ ਨਿਰਧਾਰਤ ਪਾਲਸੀ ਅਨੁਸਾਰ ਹੋਵੇਗੀ।

2 ਦਾਖਲਾ ਫਾਰਮ ਦੇ ਨਾਲ ਕੈਟੇਗਰੀ ਦਾ ਸਬੂਤ ਲਗਾਉਣਾ ਜਰੂਰੀ ਹੈ।

3 ਪੰਜਾਬ ਸਰਕਾਰ ਦੀ ਨੋਟੀਫਿਕੇਸਨ ਨੰ:2/12/2005-2ਟੀ.ਈ(1)980 ਮਿਤੀ 23-6-05 ਅਨੁਸਾਰ ਦੂਜੇ ਰਾਜਾਂ ਦੇ ਵਸਨੀਕ ਉਮੀਦਵਾਰਾਂ ਲਈ 15% ਸੀਟਾਂ ਨਿਰੋਲ ਮੈਰਿਟ ਤੇ ਜਨਰਲ ਕੈਟੇਗਰੀ ਵਿੱਚ ਉਪਲਭਦ ਹੋਣਗੀਆਂ। ਕਿਸੇ ਵੀ ਹਾਲਤ ਵਿੱਚ ਇਹ ਸੀਟਾਂ ਨਿਰਧਾਰਤ ਸੀਟਾਂ ਤੋਂ ਵੱਧ ਨਹੀਂ ਭਰੀਆਂ ਜਾਣਗੀਆਂ।

4 ਦਾਖਲੇ ਵਾਲੇ ਦਿਨ ਗੈਰ ਹਾਜਰ ਰਹਿਣ ਵਾਲੇ ਪ੍ਰਾਰਥੀਆਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ।

5 ਦਾਖਲੇ ਵਾਲੇ ਦਿਨ ਯੋਗਤਾਵਾਂ ਅਤੇ ਰਿਜਰਵ ਕੈਟੇਗਰੀ ਦੇ ਅਸਲ ਸਰਟੀਫਿਕੇਟ ਲਿਆਉਣਾ ਜਰੂਰੀ ਹੈ। ਰਿਜਰਵ ਕੈਟੇਗਰੀ ਦਾ ਸਰਟੀਫਿਕੇਟ ਸਮਰਥ ਅਧਿਕਾਰੀ ਵਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ। ਸਰਟੀਫਿਕੇਟ ਨਾ ਪੇਸ ਕਰਨ ਦੀ ਸੂਰਤ ਵਿੱਚ ਪ੍ਰਾਰਥੀ ਨੂੰ ਰਿਜਰਵ ਕੈਟੇਗਰੀ ਦਾ ਲਾਭ ਨਹੀਂ ਮਿਲੇਗਾ।

ਰਿਜਰਵ ਕੈਟੇਗਰੀ ਦੀਆਂ ਬਾਕੀ ਬਚਦੀਆਂ ਸੀਟਾਂ ਵੀ ਜਨਰਲ ਕੇਟੇਗਰੀ ਵਿੱਚੋਂ ਭਰ ਲਈਆਂ ਜਾਣ।

6 ਖਾਲੀ ਸੀਟਾਂ ਅਤੇ ਨਵੇਂ ਬੈਚ ਸੁਰੂ ਕਰਨ ਲਈ ਵੀ.ਟੀ.ਪੀਜ ਵਲੋਂ ਆਪਣੇ ਪੱਧਰ ਤੇ ਪਬਲਿਸਿਟੀ ਕੀਤੀ ਜਾਵੇਗੀ।

7 ਦਾਖਲੇ ਦੇ ਫਾਰਮ ਰੋਜਗਾਰ ਜਨਰੇਸਨ ਅਤੇ ਟ੍ਰੇਨਿੰਗ ਦੇ ਦਫਤਰਾਂ/ਵੀ.ਟੀ.ਪੀਜ ਪਾਸ ਉਪਲਭਦ ਹਨ। ਇਹ ਫਾਰਮ ਵਿਭਾਗ ਦੀ ਵੈਬਸਾਈਟ: www.pbemployment.gov.in ਜਾਂ ਭਾਰਤ ਸਰਕਾਰ ਦੀ ਵੈਬਸਾਈਟ www.dget.gov.in/mes ਤੋਂ ਵੀ download ਕੀਤੇ ਜਾ ਸਕਦੇ ਹਨ।

ਸਹੀ/-
(ਕੇ.ਜੇ.ਐਸ.ਚੀਮਾ), ਆਈ.ਏ.ਐਸ.
ਡਾਇਰੈਕਟਰ ਰੋਜਗਾਰ ਜਨਰੇਸਨ ਐਂਡ ਟ੍ਰੇਨਿੰਗ ਵਿਭਾਗ,ਪੰਜਾਬ।